# ਨਵੀਂ ਮਿਲੀ ਜਾਣਕਾਰੀ

## ਕੈਲਸ਼ਿਅਮ ਵਾਲੇ ਨੀਮ ਐਕਟਿਵ ਟੂਥਪੇਸਟ ਦਾ ਸਿਹਤ ਲਈ ਹੋਰ ਵਧ ਖ਼ਤਰਾ ਬਣਨ ਬਾਰੇ ਪਤਾ ਲਗਣਾ

**ਤਾਰੀਖ਼**
**ਫ਼ੌਰਨ ਜਾਰੀ ਕਰਨ ਲਈ**

**ਓਟਾਵਾ**- ਹੈਲਥ ਕੈਨੇਡਾ ਵਲੋਂ 26 ਜੁਲਾਈ, 2007 ਨੂੰ ਜਾਰੀ ਕੀਤੀ ਚੇਤਾਵਨੀ ਤੋਂ ਬਾਅਦ ਭਾਰਤ ਦੀ ਕਲਕੱਤਾ ਕੈਮੀਕਲ ਕੰਪਨੀ ਲਿਮਿਟਿਡ (Calcutta Chemical Co. Ltd) ਵਲੋਂ ਤਿਆਰ ਕੀਤੇ ਗਏ ਕੈਲਸ਼ਿਅਮ ਵਾਲੇ ਨੀਮ ਐਕਟਿਵ ਟੂਥਪੇਸਟ ਦੀ ਕੀਤੀਆਂ ਗਈ ਹੋਰ ਪਰਖਾਂ ਤੋਂ ਪਤਾ ਲਗਾ ਹੈ, ਕਿ ਇਸ ਉਤਪਾਦ ਵਿਚ ਡਾਈਥਾਈਲੀਨ ਗਲਾਈਕੋਲ (DEG) ਦੀਆਂ ਸਵੀਕਾਰ ਨਾ ਕੀਤੀਆਂ ਜਾਣ ਵਾਲੀਆਂ ਲੈਵਲਸ (ਪੱਧਰ) ਤੋਂ ਇਲਾਵਾ ਨੁਕਸਾਨਦਾਇਕ ਜੀਵਾਣੂਆਂ (ਬੈਕਟੀਰੀਆ) ਦੀਆਂ ਲੈਵਲਸ ਵੀ ਬਹੁਤ ਵੱਧ ਹਨ। ਇਸ ਨਾਲ ਵਿਸ਼ੇਸ਼ ਕਰਕੇ, ਬੱਚਿਆਂ ਅਤੇ ਨੁਕਸਦਾਰ ਇਮਿਊਨ ਸਿਸਟਮ (ਬੀਮਾਰੀ ਤੋਂ ਸੁਰੱਖਿਅਤ ਰਹਿਣ ਦਾ ਸਿਸਟਮ) ਵਾਲੇ ਵਿਅਕਤੀਆਂ ਨੂੰ ਸਿਹਤ ਸੰਬੰਧੀ ਹੋਰ ਵੱਧ ਅਹਿਮ ਖ਼ਤਰੇ ਪੈਦਾ ਹੋ ਜਾਂਦੇ ਹਨ।

ਹੈਲਥ ਕੈਨੇਡਾ, ਕੈਨੇਡਾ ਨਿਵਾਸੀਆਂ ਨੂੰ ਇਸ ਉਤਪਾਦ ਦਾ ਇਸਤੇਮਾਲ ਛਡ ਦੇਣ ਦੀ ਸਲਾਹ ਲਗਾਤਾਰ ਦੇ ਰਿਹਾ ਹੈ। ਜਿਨ੍ਹਾਂ ਉਤਪਾਦਾਂ ਵਿੱਚ ਨੁਕਸਾਨਦਾਇਕ ਬੈਕਟੀਰੀਆ ਦੀਆਂ ਨਾ-ਮੰਨਣ ਯੋਗ ਲੈਵਲਸ ਹੋਣ, ਉਨ੍ਹਾਂ ਨੂੰ ਨਿਗਲਣ ਦੇ ਸੰਭਾਵੀ ਪ੍ਰਭਾਵਾਂ ਵਿੱਚ, ਬੁਖਾਰ, ਪਿਸ਼ਾਬ ਵਾਲੇ ਹਿੱਸੇ ਵਿੱਚ ਇਨਫ਼ੈਕਸ਼ਨ ਅਤੇ ਉਲਟੀ ਆਉਣ, ਪੇਚਸ ਅਤੇ ਪੇਟ ਵਿੱਚ ਦਰਦ ਆਦਿ ਦੇ ਪੇਟ ਅਤੇ ਅੰਤੜੀਆਂ ਸੰਬੰਧੀ ਲੱਛਣ ਸ਼ਾਮਲ ਹਨ। ਛੋਟੇ ਬੱਚੇ, ਬੱਚੇ ਅਤੇ ਉਹ ਲੋਕ ਜੋ ਗੰਭੀਰ ਅੰਦਰੂਨੀ ਬੀਮਾਰੀਆਂ ਕਾਰਣ ਹਸਪਤਾਲਾਂ ਵਿਚ ਦਾਖ਼ਲ ਹਨ ਜਾਂ ਉਹ ਲੋਕ ਜਿਨ੍ਹਾਂ ਲੋਕਾਂ ਦੇ ਇਮਿਊਨ ਸਿਸਟਮ ਵਿੱਚ ਕੋਈ ਨੁਕਸ ਹੈ, ਇਨ੍ਹਾਂ ਪ੍ਰਭਾਵਾਂ ਪ੍ਰਤੀ ਵੱਧ ਸੰਵੇਦਨਸ਼ੀਲ ਹੁੰਦੇ ਹਨ। ਗੰਭੀਰ ਰੂਪ ਵਿੱਚ ਉਲਟੀਆਂ ਤੇ ਦਸਤ ਆਉਣ ਨਾਲ ਸਰੀਰ ਵਿਚ ਪਾਣੀ ਖ਼ਤਮ ਹੋਣ ਨਾਲ ਜਾਨ ਜਾਣ ਦਾ ਸੰਭਾਵੀ ਖ਼ਤਰਾ ਵੀ ਹੋ ਸਕਦਾ ਹੈ। ਬੇਸ਼ਕ ਟੂਥਪੇਸਟ ਨਿਗਲਣ ਲਈ ਨਹੀਂ ਹੁੰਦਾ, ਪਰ ਛੋਟੇ ਬੱਚੇ ਆਮ ਤੌਰ ਤੇ ਇਸਨੂੰ ਨਿਗਲ ਲੈਂਦੇ ਹਨ।

ਨੀਮ ਐਕਟਿਵ ਟੂਥਪੇਸਟ ਨੂੰ ਕੈਨੇਡਾ ਵਿੱਚ ਵਿਕਰੀ ਲਈ ਮੰਜ਼ੂਰੀ ਨਹੀਂ ਮਿਲੀ ਹੋਈ। ਜਿਨ੍ਹਾਂ ਫਲੂਰਾਈਡ ਵਾਲੀਆਂ ਟੂਥਪੇਸਟਾਂ ਨੂੰ ਕੈਨੇਡਾ ਵਿੱਚ ਵਿਕਰੀ ਦੀ ਮੰਜ਼ੂਰੀ ਮਿਲੀ ਹੈ, ਉਨ੍ਹਾਂ ਵਿੱਚੋਂ ਜਾਂ ਤੇ ਅੱਠ-ਅੰਕਾਂ ਦਾ ਡਰੱਗ ਆਈਡੈਂਟੀਫ਼ਿਕੇਸ਼ਨ ਨੰਬਰ (DIN) ਜਾਂ ਨੈਸ਼ਨਲ ਪ੍ਰਾਡਕਟ ਨੰਬਰ (NPN) ਹੋਏਗਾ।

ਖ਼ਪਤਕਾਰਾਂ ਨੂੰ ਆਧੁਨਿਕ ਕੀਤੀ ਜਾਣਕਾਰੀ ਲਈ ਹੈਲਥ ਕੈਨੇਡਾ ਦੀ ਵੈਬ ਸਾਈਟ (www.healthcanada.gc.ca) ਅਤੇ ਟੂਥਪੇਸਟ ਬਾਰੇ ਪਹਿਲੀਆਂ ਚੇਤਾਵਨੀਆਂ ਲਈ (http://www.hc-sc.gc.ca/ahc-asc/media/advisories-avis/2007/2007_79_e.html) ਵੇਖਣ ਦੀ ਸਲਾਹ ਦਿਤੀ ਜਾਂਦੀ ਹੈ।

ਜਿਹੜੇ ਖਪਤਕਾਰ ਇਸ ਸਲਾਹ ਬਾਰੇ ਹੋਰ ਜਾਣਕਾਰੀ ਲੈਣਾ ਚਾਹੁੰਦੇ ਹਨ, ਉਹ ਹੈਲਥ ਕੈਨੇਡਾ ਦੀ ਪਬਲਿਕ ਐਨਕੁਆਇਰੀਜ਼ ਲਾਈਨ (613) 957-2991 ਜਾਂ ਟੋਲ ਫ੍ਰੀ ਨੰਬਰ 1-866-225-0709 ਤੇ ਸੰਪਰਕ ਕਰ ਸਕਦੇ ਹਨ।

- 30 -

*Également disponible en français*

**ਮੀਡੀਆ ਐਨਕੁਆਇਰੀਜ਼:**
ਹੈਲੇਥ ਕੈਨੇਡਾ
(613) 957-2983

**ਪਬਲਿਕ ਐਨਕੁਆਇਰੀਜ਼ :**
(613) 957-2991
1-866 225-0709